## ਕਿਉਂ ਐਸਬੀਆਈ ਲਾਈਫ਼ - ਸਮਾਰਟ ਮਨੀ ਬੈਕ ਗੋਲਡ?

ਤੁਸੀਂ ਹਮੇਸ਼ਾ ਜ਼ਿੰਦਗੀ ਦੀ ਹਰ ਦਾਤ ਦਾ ਆਨੰਦ ਮਾਣਨਾ ਚਾਹਿਆ ਹੈ। ਭਰੋਸਾ ਰੱਖੋ ਅਤੇ ਆਪਣੇ ਪਰਿਵਾਰ ਦਾ ਭਵਿੱਖ ਸੁਰੱਖਿਅਤ ਕਰਦੇ ਹੋਏ ਆਪਣੇ ਦਿਲ ਦੀਆਂ ਰੀਝਾਂ ਪੂਰੀਆਂ ਕਰੋ **ਐਸਬੀਆਈ ਲਾਈਫ਼ - ਸਮਾਰਟ ਮਨੀ ਬੈਕ ਗੋਲਡ** ਦੇ ਨਾਲ, ਜੋ ਜੀਵਨ ਦੇ ਟਿਚਿਆਂ ਨੂੰ ਹਾਸਲ ਕਰਨ ਲਈ ਨਿਯਮਿਤ ਵਕਫ਼ਿਆਂ ਤੇ ਤੁਹਾਨੂੰ ਪੈਸੇ ਦਿੰਦਾ ਹੈ। ਐਸਬੀਆਈ ਲਾਈਫ਼ - ਸਮਾਰਟ ਮਨੀ ਬੈਕ ਗੋਲਡ ਇੱਕ ਵਿਅਕਤੀਗਤ, ਨੌਨ-ਲਿੰਕਡ, ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ, ਜੋ ਜੀਵਨ ਬੀਮਾ ਸੁਰੱਖਿਆ ਅਤੇ ਨਕਦ ਪੈਸੇ ਦਾ ਵਾਧੂ ਫ਼ਾਇਦਾ ਵੀ ਦਿੰਦਾ ਹੈ।

## ਮੁੱਖ ਖ਼ੂਬੀਆਂ

- ਜੀਵਨ ਵਿੱਚ ਤੁਹਾਡੇ ਅਹਿਮ ਪੜਾਵਾਂ ਦੇ ਅਨੁਰੂਪ ਖ਼ਾਸ ਤੌਰ ਤੇ ਤਿਆਰ ਕੀਤੇ ਗਏ ਤਿੰਨ ਮਨੀ ਬੈਕ ਵਿਕਲਪ
- ਮੂਲ ਬੀਮੇ ਦੀ ਰਕਮ ਦੇ 15% ਦੀਆਂ ਨਿਯਮਿਤ ਅਦਾਇਗੀਆਂ
- ਆਪਣੀ ਪਾਲਸੀ ਦੀ ਮਿਆਦ ਅਤੇ ਅਦਾਇਗੀ ਦੇ ਵਕਫ਼ੇ (ਹਰ 3, 4 ਜਾਂ 5 ਸਾਲ) ਚੁਣਨ ਦੀ ਸਹੂਲਤ
- ਆਪਣੀ ਪ੍ਰੀਮੀਅਮ ਭਰਨ ਦੀ ਮਿਆਦ–ਸਿੰਗਲ, ਲਿਮਿਟੇਡ ਪ੍ਰੀਮੀਅਮ ਭਰਨ ਜਾਂ ਨਿਯਮਿਤ ਪ੍ਰੀਮੀਅਮ ਭਰਨ ਦੀ ਚੋਣ ਕਰਨ ਦੀ ਸਹੂਲਤ
- ਆਪਣੇ ਆਰਥਿਕ ਟੀਚੇ ਪ੍ਰਾਪਤ ਕਰਨ ਲਈ ਨਿਯਮਿਤ ਨਕਦ ਪ੍ਰਵਾਹ
- ਬੀਮੇ ਦੀ ਰਕਮ ਦਾ 110% ਕੁੱਲ ਉੱਤਰਜੀਵੀ ਲਾਭ
- ਉਚੇਰੀ ਬੀਮੇ ਦੀ ਰਕਮ ਲਈ ਆਕਰਸ਼ਕ ਪ੍ਰੀਮੀਅਮ ਡਿਸਕਾਊਂਟ

ਪਾਲਸੀ ਦੀ ਮਿਆਦ ਦੌਰਾਨ ਤੈਅ ਮਿਆਦਾਂ ਦੇ ਅੰਤ ਤੇ ਅਦਾਯੋਗ ਮੂਲ ਬੀਮੇ ਦੀ ਰਕਮ ਦੇ ਬੱਝਵੇਂ ਪ੍ਰਤੀਸ਼ਤ ਦੇ ਰੂਪ ਵਿੱਚ ਦਰਸਾਈਆਂ ਉੱਤਰਜੀਵੀ ਲਾਭ ਦੀਆਂ ਕਿਸ਼ਤਾਂ (ਪਾਲਸੀ ਦੀ ਮਿਆਦ ਦੇ ਅੰਤ ਵਿੱਚ ਆਖਰੀ ਉੱਤਰਜੀਵੀ ਲਾਭ ਨੂੰ ਛੱਡ ਕੇ), ਜਿਵੇਂ ਕਿ ਹੇਠਾਂ ਸਮਝਾਇਆ ਗਿਆ ਹੈ, ਜੋ ਜੀਵਨ ਦੇ ਅਹਿਮ ਪੜਾਵਾਂ ਤੇ ਤੁਹਾਡੇ ਪ੍ਰਮੁੱਖ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੀਆਂ ਹਨ।


ਹੇਠਾਂ ਵਿਭਿੰਨ ਪਾਲਸੀ ਮਿਆਦਾਂ ਅਤੇ ਉਹਨਾਂ ਨਾਲ ਜੁੜੀਆਂ ਮਨੀਬੈਕ ਅਦਾਇਗੀਆਂ ਦੇ ਵਕਫ਼ਿਆਂ ਦੇ ਵਿਕਲਪ ਦਿੱਤੇ ਗਏ ਹਨ :

| ਉੱਤਰਜੀਵੀ ਲਾਭ ਦੀਆਂ ਕਿਸ਼ਤਾਂ/ਮਨੀ ਬੈਕ ਅਦਾਇਗੀਆਂ (ਮੂਲ ਬੀਮੇ ਦੀ ਰਕਮ ਦਾ %) | | | |
|---|---|---|---|
| **ਯੋਜਨਾ ਦਾ ਵਿਕਲਪ** | **ਵਿਕਲਪ 1** | **ਵਿਕਲਪ 2** | **ਵਿਕਲਪ 3** |
| **ਪਾਲਸੀ ਸਾਲ/ਪਾਲਸੀ ਦੀ ਮਿਆਦ ਦਾ ਅੰਤ** | **15** | **20** | **25** |
| 3 | 15% | - | - |
| 4 | - | 15% | - |
| 5 | - | - | 15% |
| 6 | 15% | - | - |
| 8 | - | 15% | - |
| 9 | 15% | - | - |
| 10 | - | - | 15% |
| 12 | 15% | 15% | - |
| 15 | 50% | - | 15% |
| 16 | - | 15% | - |
| 20 | - | 50% | 15% |
| 25 | - | - | 50% |
| **ਕੁੱਲ (ਮੂਲ ਬੀਮੇ ਦੀ ਰਕਮ ਦਾ %)** | **110%** | **110%** | **110%** |

ਸਾਰੇ ਜਮ੍ਹਾ ਹੋਏ ਸਰਲ ਪਰਤਵੇਂ ਬੋਨਸ, ਜੇ ਐਲਾਨੇ ਜਾਂਦੇ ਹਨ, ਤਾਂ ਉਹ ਮਿਆਦ ਪੂਰੀ ਹੋਣ ਤੇ ਆਖ਼ਰੀ ਮਨੀਬੈਕ ਅਦਾਇਗੀ ਦੇ ਨਾਲ ਦਿੱਤੇ ਜਾਣਗੇ, ਜੋ ਪੂਰੀ ਮਿਆਦ ਦੌਰਾਨ ਪਾਲਸੀ ਅਧੀਨ ਜਮ੍ਹਾ ਹੋਏ ਬੋਨਸ ਦੀ ਕੁੱਲ ਰਕਮ ਹੋਵੇਗੀ। ਇਹ ਬੋਨਸ ਮੂਲ ਬੀਮੇ ਦੀ ਰਕਮ ਉੱਤੇ ਲਾਗੂ ਹੋਵੇਗਾ। ਟਰਮੀਨਲ ਬੋਨਸ (ਜੇ ਕੋਈ ਹੋਵੇ) ਵੀ ਆਖ਼ਰੀ ਮਨੀਬੈਕ ਅਦਾਿ ਇਗੀ ਦੇ ਨਾਲ ਦਿੱਤਾ ਜਾਵੇਗਾ।

| ਸਾਂਝੀ ਉਦਾਹਰਣ - ਸਮਾਰਟ ਮਨੀ ਬੈਕ ਗੋਲਡ - ਪਲਾਨ ਵਿਕਲਪ 2 | |
|---|---|
| ਉਮਰ 35 ਸਾਲ | ਪਲਾਨ ਦੀ ਕਿਸਮ - ਨਿਯਮਿਤ |
| ਪਾਲਸੀ ਦੀ ਮਿਆਦ - 20 ਸਾਲ | ਬੀਮੇ ਦੀ ਰਕਮ : ₹10,00,000 |
| ਮਨੀਬੈਕ ਅਦਾਇਗੀ ਹਰ 4ਥੇ ਸਾਲ ਵਿੱਚ | ਸਾਲਾਨਾ ਪ੍ਰੀਮੀਅਮ : ₹64,040/- (ਲਾਗੂ ਕਰ ਛੱਡ ਕੇ) |

**ਪਰਿਪੱਕਤਾ ਲਾਭ*** ਅੰਤਮ ਉੱਤਰਜੀਵੀ ਲਾਭ ਦੀ ਕਿਸ਼ਤ + ਪੱਕਾ ਸਰਲ ਪਰਤਵਾਂ ਬੋਨਸ, ਜੇ ਐਲਾਨਿਆ ਗਿਆ ਹੋਵੇ + ਟਰਮੀਨਲ ਬੋਨਸ, ਜੇ ਕੋਈ ਹੋਵੇ, ਆਖ਼ਰੀ ਮਨੀਬੈਕ ਅਦਾਇਗੀ ਦੇ ਨਾਲ ਦਿੱਤਾ ਜਾਵੇਗਾ
**@4% = ₹8,45,000/-**
**@8% = ₹13,28,000/-**




**ਮੌਤ ਤੋਂ ਬਾਅਦ ਲਾਭ** ਇਹਨਾਂ ਵਿੱਚ ਵੱਡੀ ਰਕਮ ਹੋਵੇਗਾ :
ੳ : ਮੌਤ ਤੇ ਬੀਮੇ ਦੀ ਰਕਮ + ਪੱਕਾ ਸਰਲ ਪਰਤਵਾਂ ਬੋਨਸ, ਜੇ ਐਲਾਨਿਆ ਗਿਆ ਹੋਵੇ + ਟਰਮੀਨਲ ਬੋਨਸ, ਜੇ ਕੋਈ ਹੋਵੇ, ਜਾਂ
ਅ : ਮੌਤ ਦੀ ਮਿਤੀ ਤਕ ਪ੍ਰਾਪਤ ਕੁੱਲ ਪ੍ਰੀਮੀਅਮਾਂ ਦਾ 105%

*__ਮਿਆਦ ਪੂਰੀ ਹੋਣ ਤੇ ਲਾਭ__ ਦੇ ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਬੋਨਸ ਜਮ੍ਹਾ ਹੋਣ ਦੇ ਸਮੇਂ ਦੌਰਾਨ ਬੋਨਸ ਦੀਆਂ ਦਰਾਂ ਸਥਿਰ ਮੰਨੀਆਂ ਗਈਆਂ ਹਨ, ਜਦੋਂ ਕਿ ਅਸਲੀ ਬੋਨਸ ਵੱਖਰਾ ਹੋ ਸਕਦਾ ਹੈ, ਜੋ ਕੰਪਨੀ ਦੇ ਨਿਵੇਸ਼ ਦੇ ਤਜਰਬੇ ਉੱਤੇ ਨਿਰਭਰ ਕਰਦਾ ਹੈ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਮੁਨਾਫ਼ੇ, ਭਵਿੱਖ ਵਿੱਚ ਨਿਵੇਸ਼ ਦੀ ਕਾਰਗੁਜ਼ਾਰੀ ਸਮੇਤ, ਕਈ ਕਾਰਨਾਂ ਉੱਤੇ ਨਿਰਭਰ ਕਰਦੇ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।

# ਪਲਾਨ ਉੱਤੇ ਇੱਕ ਨਜ਼ਰ

<table>
<tr><td rowspan="3">ਦਾਖ਼ਲੇ ਵੇਲੇ ਉਮਰ^^</td><td colspan="3">ਘੱਟੋ-ਘੱਟ ਉਮਰ</td><td colspan="3">14 ਸਾਲ</td></tr>
<tr><td colspan="3">ਵੱਧ ਤੋਂ ਵੱਧ ਉਮਰ : ਨਿਯਮਿਤ ਪ੍ਰੀਮੀਅਮ ਲਈ</td><td colspan="3">45 ਸਾਲ</td></tr>
<tr><td colspan="3">ਵੱਧ ਤੋਂ ਵੱਧ ਉਮਰ :<br>ਲਿਮਿਟੇਡ ਪ੍ਰੀਮੀਅਮ ਜਾਂ ਸਿੰਗਲ ਪ੍ਰੀਮੀਅਮ ਲਈ</td><td colspan="3">55 ਸਾਲ</td></tr>
<tr><td>ਮਿਆਦ ਪੂਰੀ ਹੋਣ ਵੇਲੇ ਉਮਰ^^</td><td colspan="6">ਵੱਧ ਤੋਂ ਵੱਧ : 70 ਸਾਲ</td></tr>
<tr><td>ਮੂਲ ਬੀਮੇ ਦੀ ਰਕਮ (₹)<br>(₹1,000 ਦੇ ਗੁਣਜਾਂ ਵਿੱਚ)</td><td colspan="3">ਘੱਟੋ-ਘੱਟ : ₹2,00,000</td><td colspan="3">ਵੱਧ ਤੋਂ ਵੱਧ : ਕੋਈ ਸੀਮਾ ਨਹੀਂ^</td></tr>
<tr><td>ਪ੍ਰੀਮੀਅਮ ਪੇਮੈਂਟ ਦੇ ਵਿਕਲਪ</td><td colspan="6">ਸਿੰਗਲ ਪ੍ਰੀਮੀਅਮ/ਲਿਮਿਟੇਡ ਪ੍ਰੀਮੀਅਮ/ਰੈਗੂਲਰ ਪ੍ਰੀਮੀਅਮ</td></tr>
<tr><td rowspan="5">ਪ੍ਰੀਮੀਅਮ ਭਰਨ ਦੀ ਮਿਆਦ ਅਤੇ ਸਬੰਧਿਤ ਪਾਲਸੀ ਦੀ ਮਿਆਦ</td><td rowspan="2">ਵਿਕਲਪ</td><td rowspan="2">ਪਾਲਸੀ ਦੀ ਮਿਆਦ</td><td colspan="4">ਪ੍ਰੀਮੀਅਮ ਭਰਨ ਦੀ ਮਿਆਦ ਦੇ ਵਿਕਲਪ</td></tr>
<tr><td colspan="2">ਸਿੰਗਲ ਪ੍ਰੀਮੀਅਮ</td><td>ਰੈਗੂਲਰ ਪ੍ਰੀਮੀਅਮ</td><td>ਲਿਮਿਟੇਡ ਪ੍ਰੀਮੀਅਮ</td></tr>
<tr><td>ਵਿਕਲਪ 1</td><td>15 ਸਾਲ</td><td colspan="2" rowspan="3">ਇਕ ਵਾਰ ਅਦਾਇਗੀ ਪਾਲਸੀ ਸ਼ੁਰੂ ਹੋਣ ਤੇ</td><td>15 ਸਾਲ</td><td>8 ਸਾਲ</td></tr>
<tr><td>ਵਿਕਲਪ 2</td><td>20 ਸਾਲ</td><td>20 ਸਾਲ</td><td>10 ਸਾਲ</td></tr>
<tr><td>ਵਿਕਲਪ 3</td><td>25 ਸਾਲ</td><td>25 ਸਾਲ</td><td>12 ਸਾਲ</td></tr>
<tr><td>ਪ੍ਰੀਮੀਅਮ ਭਰਣ ਦਾ ਤਰੀਕਾ</td><td colspan="6">ਸਿੰਗਲ/ਸਾਲਾਨਾ/ਛਿਮਾਹੀ/ਤਿਮਾਹੀ/ਮਾਸਿਕ</td></tr>
<tr><td rowspan="3">ਪ੍ਰੀਮੀਅਮ ਭਰਣ ਦਾ ਵਕਫ਼ਾ ਲੋਡਿੰਗ</td><td colspan="6">ਛਿਮਾਹੀ : ਸਾਲਾਨਾ ਪ੍ਰੀਮੀਅਮ ਦਾ 51.00%</td></tr>
<tr><td colspan="6">ਤਿਮਾਹੀ : ਸਾਲਾਨਾ ਪ੍ਰੀਮੀਅਮ ਦਾ 26.00%</td></tr>
<tr><td colspan="6">ਮਾਸਿਕ : ਸਾਲਾਨਾ ਪ੍ਰੀਮੀਅਮ ਦਾ 8.50%</td></tr>
<tr><td rowspan="5">ਰੈਗੂਲਰ ਪ੍ਰੀਮੀਅਮ (ਆਰਪੀ) ਅਤੇ ਲਿਮਿਟੇਡ ਪ੍ਰੀਮੀਅਮ ਭਰਨ ਦੀ ਮਿਆਦ (ਐਲਪੀਪੀਟੀ) ਲਈ ਪ੍ਰੀਮੀਅਮ</td><td colspan="2">ਵਕਫ਼ੇ</td><td colspan="2">ਘੱਟੋ-ਘੱਟ</td><td colspan="2">ਵੱਧ ਤੋਂ ਵੱਧ</td></tr>
<tr><td colspan="2">ਸਾਲਾਨਾ</td><td colspan="2">₹9,500</td><td colspan="2">ਬੀਮੇ ਦੀ ਰਕਮ ਦੇ ਆਧਾਰ ਉੱਤੇ</td></tr>
<tr><td colspan="2">ਛਿਮਾਹੀ</td><td colspan="2">₹5,000</td><td colspan="2">ਬੀਮੇ ਦੀ ਰਕਮ ਦੇ ਆਧਾਰ ਉੱਤੇ</td></tr>
<tr><td colspan="2">ਤਿਮਾਹੀ</td><td colspan="2">₹2,500</td><td colspan="2">ਬੀਮੇ ਦੀ ਰਕਮ ਦੇ ਆਧਾਰ ਉੱਤੇ</td></tr>
<tr><td colspan="2">ਮਾਸਿਕ</td><td colspan="2">₹800</td><td colspan="2">ਬੀਮੇ ਦੀ ਰਕਮ ਦੇ ਆਧਾਰ ਉੱਤੇ</td></tr>
<tr><td>ਸਿੰਗਲ ਪ੍ਰੀਮੀਅਮ (ਐਸਪੀ) ਲਈ ਪ੍ਰੀਮੀਅਮ</td><td colspan="2">ਸਿੰਗਲ ਪ੍ਰੀਮੀਅਮ</td><td colspan="2">₹1,25,000</td><td colspan="2">ਬੀਮੇ ਦੀ ਰਕਮ ਦੇ ਆਧਾਰ ਉੱਤੇ</td></tr>
</table>

^ਬੀਮੇ ਦੀ ਵੱਧ ਤੋਂ ਵੱਧ ਰਕਮ ਬੋਰਡ ਦੀ ਮਨਜ਼ੂਰਸ਼ੁਦਾ ਅੰਡਰਰਾਈਟਿੰਗ ਪਾਲਸੀ ਅਧੀਨ ਹੋਵੇਗਾ। ਵੱਧ ਤੋਂ ਵੱਧ ਪ੍ਰੀਮੀਅਮ ਪੇਸ਼ ਕੀਤੀ ਗਈ ਬੀਮੇ ਦੀ ਰਕਮ ਉੱਤੇ ਆਧਾਰਿਤ ਹੋਵੇਗਾ।
^^ਹਰ ਥਾਂ ਉਮਰ ਦਾ ਮਤਲਬ ਹੈ ਪਿਛਲੇ ਜਨਮ-ਦਿਨ ਵੇਲੇ ਉਮਰ।

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

1) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।
2) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।


**Toll-free No.:** 1800 267 9090 | SMS '**LIBERATE**' to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)


ਐਸਬੀਆਈ ਲਾਈਫ਼ - ਸਮਾਰਟ ਮਨੀ ਬੈਕ ਗੋਲਡ ਇੱਕ ਵਿਅਕਤੀਗਤ, ਨੌਨ-ਲਿੰਕਡ, ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿੱਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।


ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ- 400069. **IRDAI ਰਜਿਸਟ੍ਰੇਸ਼ਨ ਨੰਬਰ 111** | CIN : L99999MH2000PLC129113.
NW/1N/ver1/12/21/SP/PUN